AQA

Please write clearly in block capitals.

| | |
|---|---|
| Centre number | |
| Candidate number | |
| Surname | |
| Forename(s) | |
| Candidate signature | I declare this is my own work. |

# A-level
# PANJABI
## Paper 1 Reading and Writing

Monday 15 June 2020 Afternoon Time allowed: 2 hours 30 minutes

**Instructions**
- Use black ink or black ball-point pen.
- Fill in the boxes at the top of this page.
- Answer **all** questions in Section A and **one** question in Section B.
- You must answer the questions in the spaces provided. Do not write outside the box around each page or on blank pages.
- If you need extra space for your answer(s), use the lined pages at the end of this book. Write the question number against your answer(s).
- Do all rough work in this book. Cross through any work you do not want to be marked.

**Information**
- The marks for questions are shown in brackets.
- The maximum mark for this paper is 85.
- You must **not** use a dictionary.
- You should note that the quality of your written language in both Panjabi and English will be taken into account when marks are awarded.
- In the summary question you should write no more than 90 words. You should write in full sentences, using your own words as far as possible.
- This paper is divided into **two** sections:
  Section A Reading and Translation 45 marks
  Section B Writing (Research Project) 40 marks.

**Advice**
- You are advised to allocate your time as follows:
  Reading and Translation 1 hour 15 minutes approximately
  Writing (Research Project) 1 hour 15 minutes approximately

| For Examiner's Use | |
|---|---|
| Question | Mark |
| 1 | |
| 2 | |
| 3 | |
| 4 | |
| 5 | |
| 6 | |
| 7 | |
| 8 | |
| 9 | |
| **TOTAL** | |

Do not write outside the box

## Section A

## Reading and Translation

Answer **all** questions in the spaces provided.

**0 1** **ਨੌਜਵਾਨਾਂ ਦੀ ਰਾਜਨੀਤਕ ਸੋਚ**

ਤੁਸੀਂ ਪੰਜਾਬ ਦੇ ਇੱਕ ਨੌਜਵਾਨ ਨੇਤਾ ਦੇ ਵਿਚਾਰ ਪੰਜਾਬੀ ਰਸਾਲੇ ਵਿੱਚ ਪੜ੍ਹਦੇ ਹੋ। ਵਾਰਤਾ ਪੜ੍ਹ ਕੇ ਹੇਠ ਲਿਖਿਆਂ ਪ੍ਰਸ਼ਨਾਂ ਦੇ ਉੱਤਰ ਪੰਜਾਬੀ ਵਿੱਚ ਲਿਖੋ।

ਹੁਣ ਪੰਜਾਬ ਦੇ ਨੌਜਵਾਨ ਰਵਾਇਤੀ ਰਾਜਨੀਤਕ ਪਾਰਟੀਆਂ ਦੀ ਅੰਨ੍ਹੇਵਾਹ ਮਦਦ ਨਹੀਂ ਕਰਦੇ। ਉਹ ਪੰਜਾਬ ਦੇ ਮੁੱਦਿਆਂ ਅਤੇ ਉਜਲੇ ਭਵਿੱਖ ਦੀ ਗੱਲ ਕਰਨ ਵਾਲੀ ਪਾਰਟੀ ਅਤੇ ਨੇਤਾ ਦਾ ਸਮਰਥਨ ਕਰਦੇ ਹਨ। ਇੱਕ ਨੌਜਵਾਨ ਨੇਤਾ ਨੇ ਪੰਜਾਬ ਬਾਰੇ ਆਪਣੀ ਅਗਾਂਹ ਵਧੂ ਸੋਚ ਦਾ ਪ੍ਰਗਟਾਵਾ ਕਰਦੇ ਹੋਏ ਇਨ੍ਹਾਂ ਮੁੱਦਿਆਂ ਤੇ ਚਾਨਣ ਪਾਇਆ।

ਉਸ ਨੇ ਕਿਹਾ ਕਿ "ਪੰਜਾਬ, ਜਿਸ ਨੂੰ ਭਾਰਤ ਦਾ ਅੰਨ-ਦਾਤਾ ਕਿਹਾ ਜਾਂਦਾ ਸੀ, ਹੁਣ ਉਹੀ ਪੰਜਾਬ ਤੇਜ਼ੀ ਨਾਲ ਬਰਬਾਦੀ ਵੱਲ ਵਧ ਰਿਹਾ ਹੈ। ਪੰਜ ਦਰਿਆਵਾਂ ਦੇ ਪਾਣੀਆਂ ਦੀਆਂ ਮੌਜਾਂ ਲੁੱਟਣ ਵਾਲਾ ਪੰਜਾਬ ਹੁਣ ਮਾਰੂਥਲ ਬਣਦਾ ਜਾ ਰਿਹਾ ਹੈ। ਇਸ ਦਾ ਸ਼ਰਬਤ ਵਰਗਾ ਮਿੱਠਾ ਪਾਣੀ ਗੰਧਲਾ ਹੋ ਗਿਆ ਹੈ ਅਤੇ ਇਸ ਨਾਲ ਨਾਮੁਰਾਦ ਬਿਮਾਰੀਆਂ ਘਰ ਘਰ ਪਹੁੰਚ ਚੁੱਕੀਆਂ ਹਨ।

ਬਗੈਰ ਸੋਚੇ ਸਮਝੇ, ਰੁੱਖਾਂ ਦੀ ਕਟਾਈ ਅੰਨ੍ਹੇਵਾਹ ਹੋ ਰਹੀ ਹੈ, ਚਿੜੀਆਂ ਦਾ ਚੰਬਾ ਤਾਂ ਕਿਤੇ ਦੂਰ ਉੱਡ ਗਿਆ ਹੈ। ਪੰਜਾਬ ਨੂੰ ਮੁੜ ਹਰਿਆ ਭਰਿਆ ਬਣਾਉਣ ਲਈ ਜ਼ਰੂਰੀ ਹੈ 'ਹਰ ਮਨੁੱਖ – ਲਗਾਵੇ ਰੁੱਖ' ਦਾ ਹੋਕਾ ਦੇ ਕੇ ਵੱਧ ਤੋਂ ਵੱਧ ਰੁੱਖ ਲਗਾਏ ਜਾਣ। ਪਾਣੀ ਦੀ ਵਰਤੋਂ ਸੰਜਮ ਨਾਲ ਕੀਤੀ ਜਾਵੇ ਅਤੇ ਇਸ ਨੂੰ ਦੂਸ਼ਿਤ ਹੋਣ ਤੋਂ ਰੋਕਿਆ ਜਾਵੇ।

ਪੰਜਾਬ ਦੇ ਆਰਥਿਕ ਹਾਲਾਤ ਦੀ ਥੰਮ, ਖੇਤੀ-ਬਾੜੀ ਦੀ ਹਾਲਤ ਬੜੀ ਤਰਸਯੋਗ ਹੈ। ਇਹ ਇੱਕ ਪਾਸੇ ਤਾਂ ਕੁਦਰਤੀ ਕਰੋਪੀਆਂ ਦਾ ਸ਼ਿਕਾਰ ਹੋ ਜਾਂਦੀ ਹੈ ਅਤੇ ਦੂਜੇ ਪਾਸੇ ਸਰਕਾਰਾਂ ਦੀ ਅਣਗਹਿਲੀ ਨੇ ਇਸ ਦਾ ਬੇੜਾ ਹੀ ਡੋਬ ਦਿੱਤਾ ਹੈ।

ਅੱਜ ਪੰਜਾਬ ਦੇ ਬਹੁਤ ਸਾਰੇ ਨੌਜਵਾਨ ਇਸ ਗੱਲ ਲਈ ਚਿੰਤਤ ਹਨ ਕਿ ਵਾਤਾਵਰਨ ਦੀਆਂ ਸਮੱਸਿਆਵਾਂ ਦੇਸ਼ ਦੀ ਭਵਿੱਖ ਵਿੱਚ ਖੁਸ਼ਹਾਲੀ ਅਤੇ ਵਿਕਾਸ ਦੇ ਰਾਹ ਵਿੱਚ ਰੋੜਾ ਬਣਨਗੀਆਂ। ਮੇਰੇ ਨੌਜਵਾਨ ਸਾਥੀ ਇਨ੍ਹਾਂ ਮਸਲਿਆਂ ਬਾਰੇ ਸਿਰਫ ਜਾਗਰੂਕਤਾ ਹੀ ਨਹੀਂ ਲਿਆਉਣਗੇ ਇਨ੍ਹਾਂ ਦੇ ਹੱਲ ਬਾਰੇ ਸਿਰਤੋੜ ਯਤਨ ਵੀ ਕਰਨਗੇ।"

Do not write outside the box

**0 1 . 1** ਵਾਰਤਾ ਅਨੁਸਾਰ ਪੰਜਾਬ ਦੇ ਨੌਜਵਾਨਾਂ ਦੀ ਰਾਜਨੀਤਕ ਸੋਚ ਕਿਵੇਂ ਬਦਲ ਗਈ ਹੈ ?

**[1 mark]**

______________________________________________

______________________________________________

**0 1 . 2** ਪੰਜਾਬ ਦੇ ਪਾਣੀ ਬਾਰੇ ਕੀ ਕਿਹਾ ਗਿਆ ਹੈ ? **ਦੋ** ਗੱਲਾਂ ਲਿਖੋ ।

**[2 marks]**

______________________________________________

______________________________________________

______________________________________________

______________________________________________

**0 1 . 3** ਵਾਰਤਾ ਅਨੁਸਾਰ ਪੰਜਾਬ ਦੇ ਵਾਤਾਵਰਨ ਦੀ ਸੁਰੱਖਿਆ ਲਈ ਕਿਹੜੇ ਕਦਮ ਚੁੱਕਣ ਦੀ ਲੋੜ ਹੈ ? **ਦੋ** ਗੱਲਾਂ ਲਿਖੋ ।

**[2 marks]**

______________________________________________

______________________________________________

______________________________________________

______________________________________________

**0 1 . 4** ਪੰਜਾਬ ਵਿੱਚ ਖੇਤੀਬਾੜੀ ਘਾਟੇ ਦਾ ਕਿੱਤਾ ਬਣਨ ਦੇ ਕੀ ਕਾਰਨ ਹਨ ? **ਦੋ** ਕਾਰਨ ਲਿਖੋ ।

**[2 marks]**

______________________________________________

______________________________________________

______________________________________________

______________________________________________

**0 1 . 5** ਕੁਝ ਪੰਜਾਬੀ ਨੌਜਵਾਨ ਇਹ ਗੱਲ ਯਕੀਨੀ ਬਣਾਉਣ ਦੀ ਕਿਵੇਂ ਕੋਸ਼ਿਸ਼ ਕਰਨਗੇ ਕਿ ਦੇਸ਼ ਤਰੱਕੀ ਕਰਨੀ ਜਾਰੀ ਰੱਖੇ ?

**[1 mark]**

______________________________________________

______________________________________________

8

**Turn over ▶**

Do not write outside the box

**0 2** **ਪੰਜਾਬੀ ਨੌਜਵਾਨਾਂ ਦਾ ਵਿਦੇਸ਼ ਜਾਣ ਦਾ ਰੁਝਾਨ**

ਤੁਸੀਂ ਪੰਜਾਬੀ ਨੌਜਵਾਨਾਂ ਦੇ ਵਿਦੇਸ਼ ਜਾਣ ਬਾਰੇ ਇਹ ਬਲੌਗ ਪੜ੍ਹੋ।

ਕੋਈ ਵੀ ਮਾਂ-ਬਾਪ ਆਪਣੇ ਧੀ-ਪੁੱਤ ਨੂੰ ਆਪਣੇ ਤੋਂ ਦੂਰ ਨਹੀਂ ਕਰਨਾ ਚਾਹੁੰਦਾ ਪਰ ਜਦੋਂ ਆਪਣੇ ਦੇਸ਼ ਵਿੱਚ ਜਵਾਨ ਬੱਚਿਆਂ ਨੂੰ ਰੁਜ਼ਗਾਰ ਨਾ ਮਿਲੇ ਤਾਂ ਉਹ ਵਿਦੇਸ਼ ਜਾਣ ਦੀ ਸੋਚਦੇ ਹਨ। ਪੰਜਾਬ ਵਿੱਚ ਖੇਤੀ-ਬਾੜੀ ਕਰਕੇ ਤਾਂ ਗੁਜ਼ਾਰਾ ਹੋਣਾ ਅਸੰਭਵ ਹੋ ਰਿਹਾ ਹੈ। ਮਾਂ ਨੂੰ ਡਰ ਸਤਾਉਂਦਾ ਹੈ ਕਿ ਉਸ ਦਾ ਪੁੱਤ ਵਿਦੇਸ਼ ਜਾ ਕੇ ਔਖਾ ਨਾ ਹੋਵੇ, ਬਿਮਾਰ ਹੋ ਗਿਆ ਤਾਂ ਉਸ ਦੀ ਦੇਖ ਭਾਲ ਕੌਣ ਕਰੇਗਾ ਅਤੇ ਰੋਟੀ ਕੌਣ ਬਣਾ ਕੇ ਦੇਵੇਗਾ? ਵਿਦੇਸ਼ਾਂ ਵਿੱਚ ਇਕੱਲੇ ਰਹਿੰਦੇ ਹਰ ਧੀ-ਪੁੱਤ ਦੀ ਮਾਂ ਸਰਕਾਰ ਨੂੰ ਮਿਹਣਾ ਮਾਰਦੀ ਹੈ ਕਿ ਜੇ ਸਾਡੇ ਦੇਸ਼ ਵਿੱਚ ਹੀ ਨੌਜਵਾਨਾਂ ਨੂੰ ਰੁਜ਼ਗਾਰ ਮਿਲ ਜਾਂਦਾ ਤਾਂ ਵਿਦੇਸ਼ ਜਾ ਕੇ ਹੋਰਨਾਂ ਦੀ ਗੁਲਾਮੀ ਕਰਨ ਦੀ ਕੀ ਲੋੜ ਸੀ। ਪਰ ਸਾਡੇ ਲੀਡਰਾਂ ਨੂੰ ਪੰਜਾਬ ਦੇ ਨੌਜਵਾਨਾਂ ਦੇ ਵਿਦੇਸ਼ਾਂ ਵਿੱਚ ਜਾਣ ਦਾ ਕੋਈ ਫਿਕਰ ਨਹੀਂ ਹੈ।

ਸਰਕਾਰਾਂ ਦੀ ਲਾਪਰਵਾਹੀ ਕਰਕੇ ਮਾਪੇ ਮਜਬੂਰੀ ਵੱਸ ਆਪਣੇ ਬੱਚਿਆਂ ਨੂੰ ਅੱਖਾਂ ਤੋਂ ਦੂਰ ਕਰਦੇ ਹਨ। ਸਰਕਾਰਾਂ ਨੂੰ ਗੰਭੀਰਤਾ ਨਾਲ ਆਪਣੀਆਂ ਨੀਤੀਆਂ ਬਾਰੇ ਸੋਚਣ ਦੀ ਲੋੜ ਹੈ ਤਾਂ ਕਿ ਨੌਜਵਾਨਾਂ ਨੂੰ ਆਪਣੇ ਸੂਬੇ ਵਿੱਚ ਹੀ ਰੁਜ਼ਗਾਰ ਮਿਲ ਸਕੇ ਅਤੇ ਪੜ੍ਹੇ ਲਿਖੇ ਨੌਜਵਾਨਾਂ ਨੂੰ ਬਾਹਰਲੇ ਦੇਸ਼ਾਂ ਵਿੱਚ ਨਾ ਜਾਣਾ ਪਵੇ। ਜੇ ਨੌਜਵਾਨਾਂ ਦਾ ਵਿਦੇਸ਼ ਜਾਣ ਦਾ ਸਿਲਸਿਲਾ ਇਸੇ ਤਰ੍ਹਾਂ ਚਲਦਾ ਰਿਹਾ ਤਾਂ ਪੰਜਾਬ ਵਿੱਚ ਪੜ੍ਹਿਆ ਲਿਖਿਆ ਨੌਜਵਾਨ ਲੱਭਣਾ ਵੀ ਔਖਾ ਹੋ ਜਾਵੇਗਾ।

**ਪੰਜਾਬੀ ਨੌਜਵਾਨਾਂ ਦਾ ਵਿਦੇਸ਼ ਜਾਣ ਦਾ ਰੁਝਾਨ**

ਇਸ ਵਾਰਤਾ ਦਾ ਸਾਰ **ਪੰਜਾਬੀ ਵਿੱਚ** ਲਿਖੋ ਜਿਸ ਵਿੱਚ **90** ਸ਼ਬਦਾਂ ਤੋਂ ਵੱਧ ਨਾ ਹੋਣ ਅਤੇ ਇਹ **ਪੂਰੇ ਵਾਕਾਂ ਵਿੱਚ ਹੋਣਾ ਚਾਹੀਦਾ ਹੈ**। ਜਿੱਥੇ ਤੱਕ ਹੋ ਸਕੇ ਆਪਣੇ ਸ਼ਬਦਾਂ ਵਿੱਚ ਲਿਖੋ। ਹੇਠ ਲਿਖੀਆਂ ਗੱਲਾਂ ਵੱਲ ਧਿਆਨ ਦਿਓ :

- ਨੌਜਵਾਨਾਂ ਦੇ ਵਿਦੇਸ਼ ਜਾਣ ਦੇ ਕਾਰਨ (**ਦੋ** ਗੱਲਾਂ ਲਿਖੋ)

**[2 marks]**

- ਮਾਂਵਾਂ ਦਾ ਪ੍ਰਤੀਕਰਮ (**ਤਿੰਨ** ਗੱਲਾਂ ਲਿਖੋ)

**[3 marks]**

- ਸਰਕਾਰ ਨੂੰ ਸੁਝਾਅ (**ਦੋ** ਗੱਲਾਂ ਲਿਖੋ )

**[2 marks]**

ਨੋਟ: **5** ਅੰਕ ਚੰਗੀ ਭਾਸ਼ਾ ਲਈ ਹਨ। ਇਸ ਕਰਕੇ **ਜਿੱਥੇ ਤੱਕ ਸੰਭਵ ਹੋ ਸਕੇ ਉੱਤਰ ਆਪਣੇ ਸ਼ਬਦਾਂ ਵਿੱਚ ਲਿਖੋ**।

**[5 marks]**

Do not write outside the box

12

Turn over for the next question

Do not write outside the box

**0 3** **'ਪੀੜ੍ਹੀ-ਪਾੜਾ' ਲੇਖ ਦਾ ਸਾਰ**

ਤੁਸੀਂ ਪ੍ਰੋਫੈਸਰ ਪੂਰਨ ਸਿੰਘ ਦੀ ਕਿਤਾਬ 'ਸਭਿਆਚਾਰ ਅਤੇ ਵਿਰਾਸਤ' ਵਿਚਲੇ ਲੇਖ 'ਪੀੜ੍ਹੀ-ਪਾੜਾ' ਦਾ ਸਾਰ ਪੜ੍ਹਦੇ ਹੋ। ਸਾਰ ਪੜ੍ਹ ਕੇ ਹੇਠ ਲਿਖਿਆਂ ਪ੍ਰਸ਼ਨਾਂ ਦੇ ਉੱਤਰ ਪੰਜਾਬੀ ਵਿੱਚ ਲਿਖੋ।

ਬੱਚਿਆਂ ਦੇ ਵਤੀਰੇ ਵਿੱਚ ਬਦਲਾਅ, ਮਾਪਿਆਂ ਅਤੇ ਬੱਚਿਆਂ ਦੇ ਸੰਬੰਧਾਂ ਵਿੱਚ ਲਾਜ਼ਮੀ ਮੱਤ-ਭੇਦ ਦਾ ਕਾਰਨ ਬਣਦਾ ਹੈ। ਬੱਚਿਆਂ ਦੇ ਵਤੀਰੇ ਵਿੱਚ ਆਈ ਇਸ ਤਬਦੀਲੀ ਨੂੰ ਵਿਸਥਾਰ ਨਾਲ ਸਮਝਣ ਦੀ ਕੋਸ਼ਿਸ਼ ਕਰਨ ਲਈ 'ਪੀੜ੍ਹੀ-ਪਾੜਾ' ਇੱਕ ਬਹੁਤ ਹੀ ਢੁਕਵਾਂ ਵਾਕਾਂਸ਼ ਹੈ। ਇਹ ਵਾਕਾਂਸ਼ ਘਰੇਲੂ ਸਮੱਸਿਆ ਵੱਲ ਇਸ਼ਾਰਾ ਕਰਦਾ ਹੈ। ਇਹ ਸਮੱਸਿਆ ਮਾਪਿਆਂ ਅਤੇ ਬੱਚਿਆਂ ਦੇ ਆਪਸੀ ਸੰਬੰਧਾਂ ਦੀ ਹੈ ਜਿਸ ਦਾ ਜਨਮ ਸਮਾਜਿਕ ਅਤੇ ਆਰਥਿਕ ਵਿਕਾਸ ਵਿੱਚੋਂ ਹੋਇਆ ਹੈ। ਬੱਚਿਆਂ ਤੇ ਮਾਪਿਆਂ ਦੀ ਉਮਰ ਵਿੱਚ ਵੀਹ-ਪੰਝੀ ਸਾਲਾਂ ਦਾ ਅੰਤਰ ਹੋਣ ਕਾਰਨ ਉਨ੍ਹਾਂ ਦੀਆਂ ਸੋਚਾਂ, ਇੱਛਾਵਾਂ ਅਤੇ ਭਵਿੱਖ ਲਈ ਉਮੀਦਾਂ ਵਿੱਚ ਹਮੇਸ਼ਾ ਫਰਕ ਹੁੰਦਾ ਹੈ। ਬਹੁਤ ਸਾਰੇ ਲੋਕ ਇਸ ਕਾਰਨ ਇਸ ਨੂੰ ਮਾਨਸਿਕ ਸਮੱਸਿਆ ਸਮਝ ਬੈਠਦੇ ਹਨ। ਪਰ ਪੀੜ੍ਹੀ-ਪਾੜਾ ਬੱਚਿਆਂ ਅਤੇ ਮਾਪਿਆਂ ਵਿਚਕਾਰ ਸੰਬੰਧਾਂ ਨੂੰ ਅਕਸਰ ਅਣਸੁਖਾਵੇਂ ਬਣਾ ਦਿੰਦਾ ਹੈ।

ਪਹਿਲਾਂ ਬੱਚਿਆਂ ਨੂੰ ਆਪਣੇ ਵਿਚਾਰ ਦੱਸਣ ਤੋਂ ਰੋਕਿਆ ਜਾਂਦਾ ਸੀ, ਉਨ੍ਹਾਂ ਨੂੰ ਸਿਰਫ ਦੇਖਿਆ ਜਾਂਦਾ ਸੀ ਪਰ ਸੁਣਿਆ ਨਹੀਂ। ਉਹ ਹਰ ਪੱਖ ਤੋਂ ਪੂਰੀ ਤਰਾਂ ਮਾਪਿਆਂ ਤੇ ਨਿਰਭਰ ਕਰਦੇ ਸਨ, ਭਾਵੇਂ ਅਨੁਸ਼ਾਸਨ ਬਹੁਤ ਸਖਤ ਸੀ ਪਰ ਰਿਸ਼ਤਿਆਂ ਵਿੱਚ ਤਰੇੜ ਪੈਣ ਦਾ ਖਤਰਾ ਬਹੁਤ ਘੱਟ ਸੀ। ਲਗਭਗ ਸਾਰੇ ਹੀ ਸਮਾਜਿਕ ਨਿਯਮਾਂ ਦੀ ਪਾਲਣਾ ਕਰਦੇ ਸਨ ਅਤੇ ਉਸ ਤਰ੍ਹਾਂ ਦਾ ਵਤੀਰਾ ਕਰਦੇ ਸਨ ਜਿਸ ਤਰ੍ਹਾਂ ਦੀ ਉਨ੍ਹਾਂ ਤੋਂ ਉਮੀਦ ਕੀਤੀ ਜਾਂਦੀ ਸੀ। ਅੱਜ ਕੱਲ੍ਹ ਅਸੀਂ ਪੀੜ੍ਹੀ-ਪਾੜੇ ਦੀ ਜਿਹੜੀ ਮੁਸ਼ਕਲ ਦੇਖਦੇ ਹਾਂ, ਭਾਵੇਂ ਇਹ ਪਹਿਲਾਂ ਵੀ ਮੌਜੂਦ ਸੀ ਪਰ ਮੁਢਲੇ ਤੌਰ ਤੇ ਇਹ ਅੱਜ ਦੇ ਜ਼ਮਾਨੇ ਵਿੱਚ ਉਦਯੋਗਿਕ ਵਿਕਾਸ ਨਾਲ ਅਤੇ ਸਾਡੇ ਸਮਾਜਿਕ ਅਤੇ ਆਰਥਿਕ ਢਾਂਚੇ ਵਿੱਚ ਹੋਈ ਭੰਨ-ਤੋੜ ਨਾਲ ਵਧ ਜ਼ਰੂਰ ਗਈ ਹੈ।

ਅੱਜ ਦੇ ਬੱਚੇ ਘਰੋਂ ਬਾਹਰਲੇ ਵਾਤਾਵਰਨ ਬਾਰੇ ਕਿਤੇ ਵੱਧ ਜਾਗਰੂਕ ਹਨ। ਉਹ ਆਪਣੇ ਤੋਂ ਸਿਆਣੇ ਲੋਕਾਂ ਨਾਲੋਂ ਕਿਤੇ ਜ਼ਿਆਦਾ ਆਜ਼ਾਦ ਹਨ ਅਤੇ ਆਪਣੇ ਮਾਪਿਆਂ ਤੇ ਦਬਾਅ ਪਾਉਂਦੇ ਹਨ। ਨਿਮਰਤਾ ਅਤੇ ਸਤਿਕਾਰ ਉਸ ਸਿੱਕੇ ਦੇ ਦੋ ਪਹਿਲੂ ਸਨ ਜਿਸ ਨਾਲ ਮਾਪਿਆਂ ਅਤੇ ਬੱਚਿਆਂ ਵਿਚਕਾਰ ਸੁਹਣੇ ਸੰਬੰਧਾਂ ਦਾ ਸੌਦਾ ਖਰੀਦਿਆ ਜਾ ਸਕਦਾ ਸੀ, ਪਰ ਹੁਣ ਇਹ ਦੋ ਵਿਸ਼ੇਸ਼ਤਾਈਆਂ ਪਰਵਾਰਿਕ ਵਿਚਾਰ-ਵਟਾਂਦਰੇ ਵਿੱਚੋਂ ਕਿਧਰੇ ਵੀ ਨਜ਼ਰ ਨਹੀਂ ਆਉਂਦੀਆਂ। ਜੇਕਰ ਅਸੀਂ ਹੁਣ ਘਰ ਵਿੱਚ ਕਠੋਰਤਾ ਅਤੇ ਭੈਅ ਵਾਲਾ ਵਾਤਾਵਰਨ ਬਣਾ ਕੇ ਰੱਖਾਂਗੇ ਤਾਂ ਉਸਾਰੂ ਆਪਸੀ ਸੰਬੰਧ ਨਹੀਂ ਬਣ ਸਕਦੇ। ਫਿਰ ਤਾਂ ਬੂਟੇ ਗਿਣਨ ਦਾ ਸਮਾਂ ਵੀ ਨਹੀਂ ਮਿਲਣਾ, ਅੰਬ ਚੂਪਣ ਦੀ ਤਾਂ ਗੱਲ ਹੀ ਭੁੱਲ ਜਾਓ।

**0 3 . 1** ਲੇਖਕ ਦੇ ਅਨੁਸਾਰ, ਇਹ ਕਿਉਂ ਲਾਜ਼ਮੀ ਹੈ ਕਿ ਪੀੜ੍ਹੀ-ਪਾੜਾ ਹਮੇਸ਼ਾ ਬਣਿਆ ਰਹੇਗਾ?

**[1 mark]**

Do not write outside the box

0 3 . 2 ਲੇਖਕ ਦੇ ਅਨੁਸਾਰ, ਅੱਜ ਕੱਲ੍ਹ ਪੀੜ੍ਹੀ-ਪਾੜੇ ਦੀ ਸਮੱਸਿਆ ਦਾ ਮੁੱਖ ਕੀ ਕਾਰਨ ਹੈ ?

**[1 mark]**

0 3 . 3 ਅੱਜ ਕੱਲ੍ਹ ਦੇ ਬੱਚਿਆਂ ਦਾ ਵਿਵਹਾਰ ਪਿਛਲੀ ਪੀੜ੍ਹੀ ਦੇ ਬੱਚਿਆਂ ਦੇ ਵਿਵਹਾਰ ਨਾਲੋਂ ਕਿਵੇਂ ਵੱਖਰਾ ਹੈ ? **ਦੋ** ਗੱਲਾਂ ਲਿਖੋ ।

**[2 marks]**

0 3 . 4 ਲੇਖਕ ਨੇ ਚੰਗੇ ਪਰਵਾਰਿਕ ਸੰਬੰਧ ਬਣਾਉਣ ਦਾ ਆਧਾਰ ਕੀ ਦੱਸਿਆ ਹੈ ?

**[1 mark]**

ਹੇਠ ਲਿਖੇ ਸ਼ਬਦਾਂ/ਪ੍ਰਗਟਾਵਾਂ ਦੇ ਸਮਾਨ-ਅਰਥ ਸ਼ਬਦ/ਪ੍ਰਗਟਾਅ ਵਾਰਤਾ ਵਿੱਚੋਂ ਲੱਭ ਕੇ ਲਿਖੋ । ਸ਼ਬਦ/ਪ੍ਰਗਟਾਅ ਵਾਰਤਾ ਦੀ ਤਰਤੀਬ ਅਨੁਸਾਰ ਹਨ ।

0 3 . 5 ਸੰਕੇਤ

**[1 mark]**

0 3 . 6 ਆਮ ਤੌਰ ਤੇ

**[1 mark]**

0 3 . 7 ਸਖਤੀ ਵਾਲਾ

**[1 mark]**

8

**Turn over ▶**

Do not write outside the box

**0 4** **ਪੰਜਾਬ ਵਿੱਚ ਬੱਚਿਆਂ ਦੀ ਸਿੱਖਿਆ**

ਪੰਜਾਬ ਵਿੱਚ ਬੱਚਿਆਂ ਦੀ ਸਿੱਖਿਆ ਬਾਰੇ ਇਹ ਵਾਰਤਾ ਇੱਕ ਔਨਲਾਈਨ ਪੰਜਾਬੀ ਅਖਬਾਰ ਵਿੱਚ ਪੜ੍ਹੋ। ਵਾਰਤਾ ਨੂੰ ਪੜ੍ਹ ਕੇ ਹੇਠ ਦਿੱਤੇ ਪ੍ਰਸ਼ਨਾਂ ਦੇ ਉੱਤਰ ਪੰਜਾਬੀ ਵਿੱਚ ਲਿਖੋ।

ਸਿੱਖਿਆ ਮਨੁੱਖ ਦੇ ਜੀਵਨ ਦਾ ਜ਼ਰੂਰੀ ਹਿੱਸਾ ਹੈ ਅਤੇ ਇਹ ਸਾਡੇ ਅੰਦਰ ਗਿਆਨ, ਹੁਨਰ ਅਤੇ ਕਾਰਜ ਸਮਰੱਥਾ ਨੂੰ ਵਧਾਉਂਦੀ ਹੋਈ ਸਾਡੀ ਕਾਮਯਾਬੀ ਦਾ ਆਧਾਰ ਬਣਦੀ ਹੈ। ਪਰ ਦੁੱਖ ਦੀ ਗੱਲ ਹੈ ਕਿ ਅੱਜ ਕੱਲ੍ਹ ਕੁਝ ਲਾਲਚੀ ਲੋਕਾਂ ਵਲੋਂ ਬਜ਼ਾਰ ਦੀਆਂ ਹੋਰ ਵਸਤਾਂ ਦੀ ਤਰ੍ਹਾਂ ਸਿੱਖਿਆ ਵੀ ਕਮਾਈ ਦਾ ਸਾਧਨ ਬਣਾ ਦਿੱਤੀ ਗਈ ਹੈ।

ਇਸ ਦੌੜ ਵਿੱਚ ਬੱਚਿਆਂ ਦੇ ਮਾਪੇ ਮਹਿੰਗੀ ਹੋ ਚੁੱਕੀ ਸਿੱਖਿਆ ਦਾ ਭਾਰ ਚੁੱਕਣ ਦੇ ਅਸਮਰੱਥ ਹੁੰਦੇ ਹੋਏ ਵੀ ਮਾਡਲ ਸਕੂਲਾਂ ਵਿੱਚ ਫੀਸ ਅਦਾ ਕਰਨ ਲਈ ਮਜਬੂਰ ਹਨ। ਪੰਜਾਬ ਵਿੱਚ **2009** ਵਿੱਚ ਬਣੇ ਸਿੱਖਿਆ ਦੇ ਕਾਨੂੰਨ ਅਨੁਸਾਰ ਛੇ ਤੋਂ ਚੌਦਾਂ ਸਾਲ ਦੇ ਹਰ ਬੱਚੇ ਨੂੰ ਮੁਫਤ ਤੇ ਲਾਜ਼ਮੀ ਸਿੱਖਿਆ ਦਿੱਤੀ ਜਾਂਦੀ ਹੈ। ਹਰੇਕ ਸਕੂਲ ਵਿੱਚ ਦਾਖਲ ਕੀਤੇ ਜਾਣ ਵਾਲੇ ਬੱਚਿਆਂ ਦਾ ਇੱਕ ਚੌਥਾਈ ਹਿੱਸਾ ਆਰਥਿਕ ਪੱਖ ਤੋਂ ਕਮਜ਼ੋਰ ਲੋਕਾਂ ਦੇ ਬੱਚਿਆਂ ਦਾ ਹੋਣਾ ਚਾਹੀਦਾ ਹੈ ਪਰ ਅਜਿਹੇ ਕਾਨੂੰਨਾਂ ਦੀਆਂ ਧੱਜੀਆਂ ਉਡਾ ਕੇ ਇਹ ਸਕੂਲ ਮਾਪਿਆਂ ਕੋਲੋਂ ਅਨੇਕਾਂ ਢੰਗਾਂ ਨਾਲ ਪੈਸੇ ਬਟੋਰ ਰਹੇ ਹਨ।

ਹੁਣ ਸਰਕਾਰੀ ਸਕੂਲਾਂ ਵਿੱਚ ਵੀ ਵਿਦਿਆਰਥੀਆਂ ਤੋਂ ਅੱਠਵੀਂ ਜਮਾਤ ਦੇ ਬੋਰਡ ਦੀ ਪ੍ਰੀਖਿਆ ਲਈ ਇੱਕ ਹਜ਼ਾਰ ਰੁਪਏ ਪ੍ਰਤੀ ਵਿਦਿਆਰਥੀ ਫੀਸ ਵਸੂਲੀ ਜਾਂਦੀ ਹੈ। ਇਸ ਨੂੰ ਤਾਂ ਗਰੀਬਾਂ ਦੀ ਜੇਬ ਤੇ ਸਿੱਧਾ ਡਾਕਾ ਕਿਹਾ ਜਾ ਸਕਦਾ ਹੈ।

ਕਲਿਆਣਕਾਰੀ ਰਾਜ ਹੋਣ ਦਾ ਦਾਅਵਾ ਕਰਦੇ, ਭਾਰਤੀ ਲੋਕਤੰਤਰ ਵਿੱਚ ਸਿੱਖਿਆ ਉੱਪਰ ਟੈਕਸ ਦਾ ਵੱਡਾ ਹਿੱਸਾ ਖਰਚ ਕੀਤਾ ਜਾਣਾ ਚਾਹੀਦਾ ਹੈ। ਜੇ ਅਸੀਂ ਸਿੱਖਿਆ ਵਿਭਾਗ ਦੇ 'ਪੜ੍ਹੋ ਸਾਰੇ – ਵਧੋ ਸਾਰੇ' ਦੇ ਨਾਅਰੇ ਨੂੰ ਅਮਲੀ ਜਾਮਾ ਪਹਿਨਾਉਣਾ ਚਾਹੁੰਦੇ ਹਾਂ ਤਾਂ ਸਾਨੂੰ ਅਨੇਕ ਸਹੂਲਤਾਂ ਪ੍ਰਦਾਨ ਕਰਨ ਦੇ ਨਾਲ ਨਾਲ ਸਿੱਖਿਆ ਦਾ ਵਪਾਰੀਕਰਨ ਬੰਦ ਕਰਨਾ ਚਾਹੀਦਾ ਹੈ ਅਤੇ ਸਿੱਖਿਆ ਨੂੰ ਬਾਰ੍ਹਵੀਂ ਜਮਾਤ ਤੱਕ ਮੁਫਤ ਤੇ ਲਾਜ਼ਮੀ ਕਰਾਰ ਦੇਣਾ ਚਾਹੀਦਾ ਹੈ।

Do not write outside the box

**0 4 . 1** ਵਾਰਤਾ ਵਿੱਚ ਬੱਚਿਆਂ ਦੀ ਸਿੱਖਿਆ ਬਾਰੇ ਕਿਹੜੀ ਮੁੱਖ ਚਿੰਤਾ ਪ੍ਰਗਟ ਕੀਤੀ ਗਈ ਹੈ ?

**[1 mark]**

______________________________________________________________________

______________________________________________________________________

**0 4 . 2** ਮਾਪੇ ਬੱਚਿਆਂ ਨੂੰ ਸਿੱਖਿਆ ਦੇਣ ਦਾ ਫਰਜ਼ ਨਿਭਾਉਣ ਲਈ ਕੀ ਕਰਦੇ ਹਨ ?

**[1 mark]**

______________________________________________________________________

______________________________________________________________________

**0 4 . 3** ਗਰੀਬਾਂ ਦੇ ਬੱਚਿਆਂ ਦੀ ਸਿੱਖਿਆ ਬਾਰੇ ਕੀ ਟਿੱਪਣੀ ਕੀਤੀ ਗਈ ਹੈ ? **ਦੋ** ਗੱਲਾਂ ਲਿਖੋ ।

**[2 marks]**

______________________________________________________________________

______________________________________________________________________

______________________________________________________________________

______________________________________________________________________

**0 4 . 4** ਇਮਤਿਹਾਨਾਂ ਲਈ ਮਾਪਿਆਂ ਤੇ ਕਿਵੇਂ ਬੋਝ ਪਾਇਆ ਜਾ ਰਿਹਾ ਹੈ ?

**[1 mark]**

______________________________________________________________________

______________________________________________________________________

**0 4 . 5** ਸਿੱਖਿਆ ਪ੍ਰਬੰਧ ਵਿੱਚ ਸੁਧਾਰ ਕਰਨ ਲਈ ਵਾਰਤਾ ਵਿੱਚ ਕੀ ਸੁਝਾਅ ਦਿੱਤੇ ਗਏ ਹਨ ? **ਦੋ** ਗੱਲਾਂ ਲਿਖੋ ।

**[2 marks]**

______________________________________________________________________

______________________________________________________________________

______________________________________________________________________

______________________________________________________________________

7

**Turn over for the next question**

Do not write outside the box

**0 5** **ਪੰਜਾਬ ਦੇ ਮੇਲੇ**

ਪੰਜਾਬ ਦੇ ਸਭਿਆਚਾਰ ਬਾਰੇ ਔਨਲਾਈਨ ਅਖਬਾਰ ਤੇ ਹੇਠ ਲਿਖੀ ਵਾਰਤਾ ਪੜ੍ਹੋ।

Translate the passage into English.

ਹਾਸ਼ਮ ਸ਼ਾਹ ਪੰਜਾਬੀ ਦੇ ਮਸ਼ਹੂਰ ਕਵੀਆਂ ਵਿੱਚੋਂ ਇੱਕ ਮੰਨਿਆਂ ਜਾਂਦਾ ਹੈ। ਉਸ ਦੇ ਪਿੰਡ ਦੇ ਲੋਕ ਉਸਦੀ ਪੰਜਾਬੀ ਸਾਹਿਤ ਨੂੰ ਦੇਣ ਲਈ ਇੱਕ ਸਭਿਆਚਾਰਕ ਮੇਲੇ ਦਾ ਪ੍ਰਬੰਧ ਕਰਦੇ ਹਨ। ਇਸ ਸਾਲ ਮੇਲੇ ਦੀ ਪ੍ਰਬੰਧਕ ਕਮੇਟੀ ਨੇ ਮਸ਼ਹੂਰ ਅਦਾਕਾਰ ਅਤੇ ਗਾਇਕ ਗਿੱਪੀ ਗਰੇਵਾਲ ਨੂੰ ਸੱਦਾ ਦਿੱਤਾ। ਉਸ ਨੇ ਇਹ ਦੱਸਦੇ ਹੋਏ ਕਿ ਪੰਜਾਬੀ ਫਿਲਮਾਂ ਕਿਸ ਤਰ੍ਹਾਂ ਬਣਦੀਆਂ ਹਨ ਦਰਸ਼ਕਾਂ ਦਾ ਮਨੋਰੰਜਨ ਕੀਤਾ ਅਤੇ ਦੱਸਿਆ ਕਿ ਫਿਲਮਾਂ ਬਣਾਉਣ ਲਈ ਫਿਲਮ ਉਦਯੋਗ ਨੂੰ ਕਿਹੜੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਬਹੁਤ ਸਾਰੇ ਦਰਸ਼ਕ ਇਸ ਕਲਾਕਾਰ ਨਾਲ ਆਪਣੀ ਫੋਟੋ ਖਿਚਵਾਉਣਾ ਚਾਹੁੰਦੇ ਸਨ ਪਰ ਪੁਲਿਸ ਨੂੰ ਉਸ ਦੀ ਸੁਰੱਖਿਆ ਦੀ ਚਿੰਤਾ ਕਾਰਨ ਉਨ੍ਹਾਂ ਦੀ ਇਹ ਖਾਹਸ਼ ਪੂਰੀ ਨਾ ਹੋ ਸਕੀ।

**[10 marks]**

10

**END OF SECTION A**

Do not write outside the box

## Section B

## Writing (Research Project)

Answer the question on the research topic you have studied.

You must answer on **one** research topic only.

**Either**

**0 6** **Women in Panjabi Society**

**or**

**0 7** **Social Issues in the Punjab**

**or**

**0 8** **Tourism in the Punjab**

**or**

**0 9** **Partition of the Punjab in 1947**

For each research topic there is a reading passage and an essay title.

Using the information from the reading passage and, linking this information to your own research, write an essay in **Panjabi** of approximately **300 words**.

The marks are allocated as follows:

10 marks for comprehension of the reading passage
10 marks for quality of language
20 marks for cultural knowledge.

Total: 40 marks

**Turn over for Question 6**

Do not write outside the box

## 0 6 Women in Panjabi society

### ਪੰਜਾਬੀ ਸਮਾਜ ਵਿੱਚ ਔਰਤ

ਧੀ-ਪੁੱਤ ਵਿਚਲਾ ਫਰਕ ਅੱਜ ਵੀ ਬਹੁਤ ਸਾਰੇ ਪੰਜਾਬੀਆਂ ਦੀ ਸੋਚ ਦਾ ਹਿੱਸਾ ਬਣਿਆ ਹੋਇਆ ਹੈ। ਔਰਤ ਜੇਕਰ ਸੱਚੇ ਦਿਲੋਂ ਚਾਹੇ ਤਾਂ ਬਰਾਬਰਤਾ ਦੇ ਸਿਧਾਂਤ ਨੂੰ ਅਮਲੀ ਜੀਵਨ ਵਿੱਚ ਪੂਰੀ ਤਰ੍ਹਾਂ ਲਾਗੂ ਕਰਕੇ, ਧੀਆਂ ਨੂੰ ਪਹਿਲ ਅਤੇ ਅਜ਼ਾਦੀ ਦੇ ਕੇ ਔਰਤ ਦੀ ਸਥਿਤੀ ਨੂੰ ਵਧੀਆ ਬਣਾ ਸਕਦੀ ਹੈ।

ਪੰਜਾਬੀਆਂ ਦੀਆਂ ਕਈ ਸਮਾਜਿਕ ਰਸਮਾਂ ਨਾਰੀ ਨੂੰ ਨੀਵਾਂ ਦਿਖਾਉਂਦੀਆਂ ਹਨ। ਬੇਸ਼ੱਕ ਮਾਂ-ਬਾਪ ਦੀ ਜਾਇਦਾਦ ਵਿੱਚੋਂ ਹਿੱਸਾ ਲੈਣਾ ਉਸ ਦਾ ਸਮਾਜਿਕ ਅਤੇ ਕਾਨੂੰਨੀ ਅਧਿਕਾਰ ਹੈ ਪਰ ਜੇਕਰ ਉਹ ਅਜਿਹਾ ਕਰਦੀ ਹੈ ਤਾਂ ਪੇਕੇ ਪਰਿਵਾਰ ਅਤੇ ਭਰਾਵਾਂ ਨਾਲੋਂ ਕਈ ਵਾਰ ਉਸ ਦਾ ਸਾਥ ਹਮੇਸ਼ਾ ਲਈ ਛੁੱਟ ਜਾਂਦਾ ਹੈ। ਵਿਆਹ ਤੋਂ ਬਾਅਦ ਮਾਂ-ਬਾਪ ਦਾ ਵਿਹੜਾ ਛੱਡ ਕੇ ਦੂਜੇ ਘਰ ਜਾ ਕੇ ਨਵੇਂ ਮਾਹੌਲ ਵਿੱਚ ਢਲਣ ਦੀ ਕੋਸ਼ਿਸ਼ ਵੀ ਔਰਤ ਨੂੰ ਹੀ ਕਰਨੀ ਪੈਂਦੀ ਹੈ।

ਮਾਂ ਨਾ ਬਣ ਸਕਣ ਤੇ ਔਰਤ ਨੂੰ ਦੋਸ਼ੀ ਸਮਝਿਆ ਜਾਂਦਾ ਹੈ, ਘਾਟ ਭਾਵੇਂ ਮਰਦ ਵਿੱਚ ਹੀ ਹੋਵੇ, ਪਰ ਸਮਾਜ ਦਾ ਧਿਆਨ ਉੱਧਰ ਨਹੀਂ ਜਾਂਦਾ। ਤਾਹਨੇ-ਮਿਹਣੇ ਉਸ ਦੇ ਹਿੱਸੇ ਹੀ ਆਉਂਦੇ ਹਨ। ਜੇ ਔਰਤ ਵਿਧਵਾ ਹੋ ਜਾਵੇ ਤਾਂ ਸਮਾਜ ਦਾ ਪਹਿਰਾ ਉਸ ਉੱਪਰ ਹੋਰ ਵੀ ਵਧ ਜਾਂਦਾ ਹੈ। ਉਹ ਕਿੱਥੇ ਜਾਂਦੀ ਹੈ, ਕੀ ਕਰਦੀ ਹੈ ਅਤੇ ਕੀ ਪਹਿਨਦੀ ਹੈ, ਇਹ ਸਾਰਾ ਕੁਝ ਦੂਜਿਆਂ ਦੀ ਪਰਖ-ਪੜਚੋਲ ਵਿੱਚ ਦੀ ਨਿਕਲਦਾ ਹੈ।

ਤਲਾਕ-ਸ਼ੁਦਾ ਔਰਤ ਨਾਲ ਵੀ ਪੰਜਾਬੀ ਸਮਾਜ ਦਾ ਰਵੱਈਆ ਸੁਭਾਵਿਕ ਨਹੀਂ ਹੈ। ਬਹੁਤ ਵਾਰੀ ਔਰਤਾਂ ਹੀ ਔਰਤਾਂ ਨੂੰ ਭੰਡਦੀਆਂ ਹਨ, ਇਸ ਦਾ ਕਾਰਨ ਸਾਡੇ ਸਮਾਜ ਦੀ ਤੰਗ-ਦਿਲੀ ਹੈ। ਕਈ ਵਾਰ ਤਾਂ ਔਰਤ ਆਪਣੇ ਅਣਸੁਖਾਵੇਂ ਵਿਆਹੁਤਾ ਜੀਵਨ ਵਿੱਚ ਰਹਿੰਦੀ ਹੋਈ ਤਲਾਕ ਬਾਰੇ ਨਹੀਂ ਸੋਚਦੀ, ਕਿਉਂਕਿ ਉਹ ਸਮਾਜ ਵਿੱਚ ਚਰਚਾ ਦਾ ਪਾਤਰ ਨਹੀਂ ਬਣਨਾ ਚਾਹੁੰਦੀ।

Do not write outside the box

**0 6** ਪੰਜਾਬੀ ਵੈੱਬਸਾਈਟ ਤੋਂ ਪੰਜਾਬੀ ਸਮਾਜ ਵਿੱਚ ਔਰਤਾਂ ਬਾਰੇ ਵਾਰਤਾ ਪੜ੍ਹੋ । ਵਾਰਤਾ ਵਿੱਚ ਪੜ੍ਹੀ ਜਾਣਕਾਰੀ ਨੂੰ ਆਪਣੀ ਖੋਜ ਵਿਚਲੀ ਜਾਣਕਾਰੀ ਨਾਲ ਮਿਲਾ ਕੇ ਹੇਠ ਲਿਖੇ ਪ੍ਰਸ਼ਨ ਬਾਰੇ **ਪੰਜਾਬੀ ਵਿੱਚ** ਲਗਭਗ **300** ਸ਼ਬਦਾਂ ਦਾ ਇੱਕ ਲੇਖ ਲਿਖੋ ।

ਪੰਜਾਬੀ ਸਮਾਜ ਵਿੱਚ ਬਦਲ ਰਹੀਆਂ ਰਸਮਾਂ ਨਾਲ ਔਰਤ ਦੀ ਸਥਿਤੀ ਵਿੱਚ ਆ ਰਹੀਆਂ ਤਬਦੀਲੀਆਂ ਦਾ ਵਿਸ਼ਲੇਸ਼ਣ ਕਰੋ ।

**[40 marks]**

**Turn over ▶**

Do not write outside the box

Do not write outside the box

40

**Turn over for Question 7**

Do not write outside the box

**0 7** **Social issues in the Punjab**

**ਪੰਜਾਬੀ ਨੌਜਵਾਨ ਅਤੇ ਅਪਰਾਧ**

ਅੱਜ ਕੱਲ੍ਹ ਪੰਜਾਬ ਵਿੱਚ ਬਹੁਤ ਸਾਰੇ ਨੌਜਵਾਨ ਪੜ੍ਹ-ਲਿਖ ਕੇ ਵਿਹਲੇ ਫਿਰ ਰਹੇ ਹਨ। ਕਈ ਸਾਲ ਸਕੂਲਾਂ, ਕਾਲਜਾਂ ਵਿੱਚ ਬਤੀਤ ਕਰਨ ਤੋਂ ਬਾਅਦ ਜਦੋਂ ਇਹ ਨੌਕਰੀ ਲੈਣ ਲਈ ਕਿਸੇ ਸਰਕਾਰੀ ਵਿਭਾਗ ਵਿੱਚ ਜਾਂਦੇ ਹਨ ਤਾਂ ਇਨ੍ਹਾਂ ਦੇ ਪੱਲੇ ਨਿਰਾਸ਼ਾ ਹੀ ਪੈਂਦੀ ਹੈ ਕਿਉਂਕਿ ਨੌਕਰੀ ਤਾਂ ਪੈਸੇ ਜਾਂ ਸਿਫਾਰਸ਼ ਵਾਲੇ ਹੀ ਲੈ ਜਾਂਦੇ ਹਨ। ਮੱਧ-ਵਰਗ ਦੇ ਨੌਜਵਾਨ ਤਾਂ ਕਾਗਜ਼ੀ ਕਾਰਵਾਈ ਪੂਰੀ ਕਰਨ ਜੋਗੇ ਹੀ ਰਹਿ ਜਾਂਦੇ ਹਨ।

ਕਈ ਵਾਰ ਘੱਟ ਪੜ੍ਹੇ ਹੋਏ ਨੌਜਵਾਨ ਨੌਕਰੀ ਲੈ ਜਾਂਦੇ ਹਨ ਅਤੇ ਜ਼ਿਆਦਾ ਪੜ੍ਹੇ-ਲਿਖੇ ਵਿਹਲੇ ਘੁੰਮਦੇ ਨਜ਼ਰ ਆਉਂਦੇ ਹਨ। ਜਦੋਂ ਮਿਹਨਤ ਕਰਨ ਤੋਂ ਬਾਅਦ ਨਿਰਾਸ਼ਾ ਹੀ ਪੱਲੇ ਪਵੇ ਤਾਂ ਆਮ ਇਨਸਾਨ ਨੂੰ ਚਿੰਤਾ ਵੱਢ ਕੇ ਖਾਣ ਲੱਗ ਪੈਂਦੀ ਹੈ। ਕਈ ਨੌਜਵਾਨ ਇਸ ਚਿੰਤਾ ਤੋਂ ਮੁਕਤੀ ਪਾਉਣ ਲਈ ਨਸ਼ੇ ਦਾ ਸਹਾਰਾ ਲੈਣ ਲੱਗ ਪੈਂਦੇ ਹਨ ਅਤੇ ਫਿਰ ਨਸ਼ੇ ਦੀ ਪੂਰਤੀ ਲਈ ਅਪਰਾਧਕ ਵਾਰਦਾਤਾਂ ਨੂੰ ਜਨਮ ਦਿੰਦੇ ਹਨ।

ਕਈ ਵਾਰ ਬੇਰੁਜ਼ਗਾਰ ਘੁੰਮਦੇ ਇਨ੍ਹਾਂ ਨੌਜਵਾਨਾਂ ਨੂੰ ਨਸ਼ੇ ਦੇ ਸੌਦਾਗਰ ਰਾਤੋ-ਰਾਤ ਅਮੀਰ ਬਣਨ ਦੇ ਸਬਜ਼-ਬਾਗ ਦਿਖਾ ਕੇ ਆਪਣੇ ਕਾਲੇ ਕਾਰੋਬਾਰ ਵਿੱਚ ਲਗਾ ਲੈਂਦੇ ਹਨ ਕਿਉਂਕਿ ਹਰ ਇੱਕ ਨੌਜਵਾਨ ਚਾਹੁੰਦਾ ਹੈ ਕਿ ਉਸ ਕੋਲ ਨਾਮਵਰ ਕੰਪਨੀ ਦਾ ਮੋਬਾਇਲ ਫੋਨ, ਕੰਪਿਊਟਰ ਅਤੇ ਕਾਰ ਆਦਿ ਹੋਵੇ।

ਸਰਕਾਰ ਵਲੋਂ ਅਸਲਾ ਲਾਇਸੈਂਸ ਲੈਣ ਲਈ ਕੀਤੀ ਨਰਮੀ ਦਾ ਲਾਭ ਉਠਾਉਂਦੇ ਹੋਏ ਦੇਖੋ-ਦੇਖੀ ਜਣੇ-ਖਣੇ ਨੇ ਆਪਣਾ ਪਿਸਤੌਲ ਦਾ ਲਾਇਸੈਂਸ ਬਣਾ ਲਿਆ ਹੈ। ਹੁਣ ਜਦੋਂ ਵੀ ਕੋਈ ਮਾਮੂਲੀ ਲੜਾਈ ਝਗੜਾ ਹੁੰਦਾ ਹੈ ਤਾਂ ਇਹ ਮੱਛਰੀ ਹੋਈ ਮੁੰਡੀਰ ਝੱਟ ਪਿਸਤੌਲ ਤਾਣ ਲੈਂਦੀ ਹੈ। ਬੈਂਕ, ਪੈਟਰੋਲ ਸਟੇਸ਼ਨ ਜਾਂ ਕਿਸੇ ਵੀ ਹੋਰ ਥਾਂ ਤੇ ਲੁੱਟ-ਖੋਹ ਕਰਨ ਲਈ ਇਸ ਅਸਲੇ ਦੀ ਦੁਰਵਰਤੋਂ ਹੋ ਰਹੀ ਹੈ।

ਜੇ ਸਰਕਾਰ ਬੇਰੁਜ਼ਗਾਰੀ ਤੇ ਕਾਬੂ ਪਾ ਲਵੇ ਤਾਂ ਅਪਰਾਧਕ ਵਾਰਦਾਤਾਂ ਆਪਣੇ ਆਪ ਘੱਟ ਜਾਣਗੀਆਂ।

Do not write outside the box

**0 7** ਪੰਜਾਬੀ ਅਖਬਾਰ ਵਿੱਚੋਂ ਪੰਜਾਬੀ ਨੌਜਵਾਨ ਅਤੇ ਅਪਰਾਧ ਬਾਰੇ ਵਾਰਤਾ ਪੜ੍ਹੋ । ਵਾਰਤਾ ਵਿੱਚ ਪੜ੍ਹੀ ਜਾਣਕਾਰੀ ਨੂੰ ਆਪਣੀ ਖੋਜ ਵਿਚਲੀ ਜਾਣਕਾਰੀ ਨਾਲ ਮਿਲਾ ਕੇ ਹੇਠ ਲਿਖੇ ਪ੍ਰਸ਼ਨ ਬਾਰੇ **ਪੰਜਾਬੀ ਵਿੱਚ** ਲਗਭਗ **300** ਸ਼ਬਦਾਂ ਦਾ ਇੱਕ ਲੇਖ ਲਿਖੋ ।

ਕਈ ਪੰਜਾਬੀ ਨੌਜਵਾਨਾਂ ਦੇ ਅਪਰਾਧ ਦੀ ਦੁਨੀਆਂ ਵਿੱਚ ਦਾਖਲ ਹੋਣ ਦਾ ਪੰਜਾਬੀ ਸਮਾਜ ਤੇ ਕੀ ਅਸਰ ਪੈ ਰਿਹਾ ਹੈ ? ਵਿਸ਼ਲੇਸ਼ਣ ਕਰਦੇ ਹੋਏ ਲਿਖੋ ਕਿ ਇਸ ਸਮੱਸਿਆ ਦੇ ਹੱਲ ਲਈ ਨੌਜਵਾਨ ਆਪ ਕੀ ਕਰ ਸਕਦੇ ਹਨ ।

**[40 marks]**

**Turn over ▶**

*Do not write outside the box*

*Do not write outside the box*

40

**Turn over for Question 8**

Do not write outside the box

**0 8** **Tourism in the Punjab**

**ਪੰਜਾਬ ਵਿੱਚ ਸੈਰ-ਸਪਾਟਾ**

ਪੰਜਾਬ ਦੇ ਮਿੰਨੀ ਫਰਾਂਸ ਕਹੇ ਜਾਣ ਵਾਲੇ ਸ਼ਹਿਰ ਬਾਰੇ ਪੰਜਾਬੀ ਕਿੰਨਾ ਕੁ ਜਾਣਦੇ ਹਨ ?

ਕਿਸੇ ਸਮੇਂ ਬਿਆਸ ਦਰਿਆ ਦੇ ਕੰਢੇ ਤੇ ਵਸੇ ਦੁਨੀਆਂ ਭਰ ਦੀਆਂ ਮਸ਼ਹੂਰ ਇਮਾਰਤਾਂ ਦੀ ਕਲਾ ਦੇ ਬੇਮਿਸਾਲ ਨਮੂਨਿਆਂ ਅਤੇ ਆਧੁਨਿਕ ਵਿਗਿਆਨ ਅਤੇ ਉਦਯੋਗ ਵਾਲੇ ਸ਼ਹਿਰ, ਕਪੂਰਥਲਾ ਬਾਰੇ ਵਿਦੇਸ਼ਾਂ ਵਿੱਚ ਵਸਦੇ ਹੀ ਨਹੀਂ ਸਗੋਂ ਪੰਜਾਬ ਵਿੱਚ ਵਸਣ ਵਾਲੇ ਪੰਜਾਬੀ ਵੀ ਘੱਟ ਹੀ ਜਾਣਦੇ ਹਨ। ਇਸ ਸ਼ਹਿਰ ਦੇ ਇਤਿਹਾਸਕ ਬਾਗ, ਆਧੁਨਿਕ ਸਾਇੰਸ ਸਿਟੀ ਅਤੇ ਹਰ ਰੋਜ਼ ਲਗਭਗ ਚਾਰ ਕੋਚਾਂ ਤਿਆਰ ਕਰਨ ਵਾਲੀ ਰੇਲ ਕੋਚ ਫੈਕਟਰੀ ਦੇਖਣਯੋਗ ਹਨ।

ਇਸ ਸ਼ਹਿਰ ਦੀ ਸਭ ਤੋਂ ਮਸ਼ਹੂਰ ਇਮਾਰਤ ਸ਼ਾਹੀ ਕਚਹਿਰੀ ਹੈ ਜਿਹੜੀ ਕਿਸੇ ਵੇਲੇ ਮਹਾਰਾਜਾ ਕਪੂਰਥਲਾ ਦਾ ਸ਼ਾਹੀ ਮਹਿਲ ਸੀ। ਇਹ ਇਸਲਾਮਿਕ, ਰਾਜਪੂਤ ਅਤੇ ਯੂਰਪੀਅਨ ਭਵਨ ਉਸਾਰੀ ਕਲਾ ਦਾ ਖਾਸ ਨਮੂਨਾ ਹੈ। ਇਸ ਦੇ ਸਾਹਮਣੇ ਮਹਾਰਾਜਾ ਰਣਜੀਤ ਸਿੰਘ ਦਾ ਘੋੜੇ ਤੇ ਸਵਾਰ ਯੂਰਪੀਅਨ ਅੰਦਾਜ਼ ਵਿੱਚ ਲਗਾਇਆ ਹੋਇਆ ਬੁੱਤ ਇਸ ਦੀ ਸੁੰਦਰਤਾ ਨੂੰ ਚਾਰ ਚੰਨ ਲਾ ਰਿਹਾ ਹੈ। ਇਸ ਦੇ ਦਰਬਾਰ ਹਾਲ ਵਿੱਚ ਮਹਾਰਾਜਾ ਕਪੂਰਥਲਾ ਨਾਲ ਸੰਬੰਧਿਤ ਇਤਿਹਾਸਕ ਵਸਤਾਂ ਸੰਭਾਲ ਕੇ ਰੱਖੀਆਂ ਹੋਈਆਂ ਹਨ।

ਦੂਜੀ ਇਤਿਹਾਸਕ ਇਮਾਰਤ ਜਗਤਜੀਤ ਪੈਲਿਸ, ਇੱਕ ਅਨੋਖੀ ਇਮਾਰਤ ਹੈ ਜਿਹੜੀ ਫਰਾਂਸ ਦੇ ਇੱਕ ਆਰਕੀਟੈਕਟ ਨੇ ਡਿਜ਼ਾਈਨ ਕੀਤੀ ਸੀ ਅਤੇ ਇਹ ਪੈਰਿਸ ਦੇ ਮਹਿਲਾਂ ਤੋਂ ਪ੍ਰਭਾਵਿਤ ਹੋ ਕੇ ਉਸਾਰੀ ਗਈ ਸੀ। ਇਸ ਦੀ ਅੰਦਰਲੀ ਸਜਾਵਟ ਫਰਾਂਸ ਅਤੇ ਭਾਰਤ ਦੇ ਕਲਾਕਾਰਾਂ ਵੱਲੋਂ ਕੀਤੀ ਗਈ ਹੈ ਅਤੇ ਇਸ ਵਿਚਲਾ ਸਾਰਾ ਫਰਨੀਚਰ ਵੀ ਫਰਾਂਸ ਤੋਂ ਮੰਗਵਾਇਆ ਗਿਆ ਸੀ ਪਰ ਹੁਣ ਇਸ ਵਿੱਚ ਸੈਨਿਕ ਸਕੂਲ ਚੱਲ ਰਿਹਾ ਹੈ।

ਧਰਮ ਨਿਰਪੱਖਤਾ ਦਾ ਜਿਉਂਦਾ ਜਾਗਦਾ ਸਬੂਤ ਦੇਣ ਵਾਲੇ ਇਸ ਸ਼ਹਿਰ ਵਿੱਚ ਇਤਿਹਾਸਕ ਮੌਰਿਸ ਮਸਜਿਦ, ਸਟੇਟ ਗੁਰਦੁਆਰਾ ਅਤੇ ਪੰਚ ਮੰਦਿਰ ਮਹਾਰਾਜਾ ਕਪੂਰਥਲਾ ਦੇ ਭਵਨ ਕਲਾ ਨਾਲ ਪਿਆਰ ਦੇ ਨਾਲ ਨਾਲ ਧਾਰਮਿਕ ਅਜ਼ਾਦੀ ਵਾਲੀ ਸੋਚ ਦਾ ਖੁੱਲ੍ਹ ਕੇ ਪ੍ਰਗਟਾਵਾ ਕਰਦੇ ਹਨ। ਮੌਰਿਸ ਮਸਜਿਦ ਵਰਗੀ ਸਿਰਫ ਇੱਕ ਹੋਰ ਮਸਜਿਦ ਇਸ ਦੁਨੀਆਂ ਵਿੱਚ ਸਿਰਫ ਮੋਰਾਕੋ ਦੇ ਸ਼ਹਿਰ ਮਾਰਾਕੇਸ਼ ਵਿੱਚ ਹੈ।

ਇੰਨੀਆਂ ਦੇਖਣਯੋਗ ਥਾਂਵਾਂ ਹੋਣ ਦੇ ਬਾਵਜੂਦ ਵੀ ਪੰਜਾਬ ਦੇ ਸੈਰ-ਸਪਾਟਾ ਵਿਭਾਗ ਨੇ ਇਸ ਦੀ ਸਾਂਭ-ਸੰਭਾਲ ਅਤੇ ਮਸ਼ਹੂਰੀ ਕਰਨ ਲਈ ਬਹੁਤੇ ਯਤਨ ਨਹੀਂ ਕੀਤੇ।

Do not write outside the box

**0 8** ਪੰਜਾਬੀ ਰਸਾਲੇ ਵਿੱਚੋਂ ਲਈ ਗਈ ਪੰਜਾਬ ਵਿੱਚ ਸੈਰ-ਸਪਾਟੇ ਬਾਰੇ ਵਾਰਤਾ ਪੜ੍ਹੋ। ਵਾਰਤਾ ਵਿੱਚ ਪੜ੍ਹੀ ਜਾਣਕਾਰੀ ਨੂੰ ਆਪਣੀ ਖੋਜ ਵਿਚਲੀ ਜਾਣਕਾਰੀ ਨਾਲ ਮਿਲਾ ਕੇ ਹੇਠ ਲਿਖੇ ਪ੍ਰਸ਼ਨ ਬਾਰੇ **ਪੰਜਾਬੀ ਵਿੱਚ** ਲਗਭਗ **300** ਸ਼ਬਦਾਂ ਦਾ ਇੱਕ ਲੇਖ ਲਿਖੋ।

ਪੰਜਾਬ ਦੀਆਂ ਦੇਖਣਯੋਗ ਇਤਿਹਾਸਕ ਥਾਂਵਾਂ ਦੀ ਸਾਂਭ-ਸੰਭਾਲ ਅਤੇ ਮਸ਼ਹੂਰੀ ਕਰਨ ਬਾਰੇ ਸਰਕਾਰ ਦੀ ਸੋਚ ਦਾ ਵਿਸ਼ਲੇਸ਼ਣ ਕਰਦੇ ਹੋਏ ਪੰਜਾਬ ਵਿੱਚ ਸੈਲਾਨੀਆਂ ਦੀ ਗਿਣਤੀ ਵਧਾਉਣ ਲਈ ਸਰਕਾਰ ਨੂੰ ਕੀ ਸੁਝਾਅ ਦਿਓਗੇ?

**[40 marks]**

**Turn over ▶**

Do not write outside the box

Do not write outside the box

40

Turn over for Question 9

Do not write outside the box

**0 9** **Partition of the Punjab in 1947**

**ਪੰਜਾਬ ਦੀ ਵੰਡ 1947**

**1947** ਵਿੱਚ ਤੇਜ਼ੀ ਨਾਲ ਫੈਲੀ ਹਿੰਸਾ ਨੂੰ ਰੋਕਣ ਵਾਲਾ ਕੋਈ ਵੀ ਆਗੂ ਨਹੀਂ ਸੀ, ਖਾਸ ਤੌਰ ਤੇ ਪੰਜਾਬ ਹਿੰਸਾ ਦਾ ਮੁੱਖ ਕੇਂਦਰ ਸੀ ਅਤੇ ਇਹ ਸ਼ਾਇਦ ਵੀਹਵੀਂ ਸਦੀ ਦਾ ਸਭ ਤੋਂ ਵੱਡਾ ਘੱਲੂਘਾਰਾ ਸੀ। ਹਿੰਸਾ ਤੋਂ ਬਚ ਕੇ ਭੱਜ ਰਹੇ ਬੇਸਹਾਰਾ ਸ਼ਰਨਾਰਥੀਆਂ ਦੇ ਪੈਦਲ ਚੱਲ ਰਹੇ ਕਾਫਲੇ ਪੰਜਾਹ ਮੀਲ ਤੋਂ ਵੀ ਲੰਬੇ ਸਨ।

ਕਿਸਾਨਾਂ ਦੀਆਂ ਫਸਲਾਂ ਦਾ ਨੁਕਸਾਨ ਹੋ ਰਿਹਾ ਸੀ ਅਤੇ ਉਨ੍ਹਾਂ ਨੂੰ ਭੇਡਾਂ ਵਾਂਗ ਆਪਣੀਆਂ ਹੀ ਫਸਲਾਂ ਤੋਂ ਦੂਰ ਭਜਾਇਆ ਜਾ ਰਿਹਾ ਸੀ। ਦੋਵੇਂ ਪਾਸੇ ਜਾਣ ਵਾਲੀਆਂ ਸ਼ਰਨਾਰਥੀਆਂ ਨਾਲ ਨੱਕੋ-ਨੱਕ ਭਰੀਆਂ ਰੇਲ ਗੱਡੀਆਂ, ਰਸਤੇ ਵਿੱਚ ਵੀ ਹਿੰਸਕ ਹਮਲਿਆਂ ਦਾ ਸ਼ਿਕਾਰ ਹੋ ਰਹੀਆਂ ਸਨ ਅਤੇ ਕਈ ਗੱਡੀਆਂ ਦੇ ਦਰਵਾਜ਼ਿਆਂ ਹੇਠ ਲਹੂ ਵਗਦਾ ਸੀ।

ਅਮ੍ਰਿਤਾ ਪ੍ਰੀਤਮ ਆਪਣੀ ਕਵਿਤਾ ਵਿੱਚ ਇਸ ਇਤਿਹਾਸਕ ਘਟਨਾ ਦਾ ਵਰਣਨ ਬੜੇ ਸੁਚੱਜੇ ਢੰਗ ਨਾਲ ਕਰਦੀ ਹੈ। ਉਹ ਵਾਰਿਸ ਸ਼ਾਹ ਨੂੰ ਕਹਿੰਦੀ ਹੈ ਕਿ ਉਹ ਕਬਰਾਂ ਵਿੱਚੋਂ ਬੋਲੇ ਅਤੇ ਇਸ਼ਕ ਮੁਹੱਬਤ ਦਾ ਕੋਈ ਨਵਾਂ ਕਿੱਸਾ ਲਿਖੇ ਜਿਵੇਂ ਉਸ ਨੇ ਪੰਜਾਬ ਦੀ ਇੱਕ ਦੁਖੀ ਧੀ ਹੀਰ ਲਈ ਲਿਖਿਆ ਸੀ। ਅੱਜ ਪੰਜਾਬ ਦੀਆਂ ਲੱਖਾਂ ਧੀਆਂ ਰੋ ਅਤੇ ਕੁਰਲਾ ਰਹੀਆਂ ਹਨ ਅਤੇ ਉਹ ਵਾਰਿਸ ਸ਼ਾਹ ਨਾਲ ਆਪਣਾ ਦੁੱਖ ਸਾਂਝਾ ਕਰਨਾ ਚਾਹੁੰਦੀਆਂ ਹਨ ਤਾਂ ਕਿ ਉਹ ਉਨ੍ਹਾਂ ਦੀ ਆਵਾਜ਼ ਬਣ ਸਕੇ। ਅਮ੍ਰਿਤਾ ਪ੍ਰੀਤਮ ਚਾਹੁੰਦੀ ਹੈ ਕਿ ਵਾਰਿਸ ਸ਼ਾਹ ਆਪਣੀ ਕਬਰ ਵਿੱਚੋਂ ਉੱਠ ਕੇ ਆਵੇ ਅਤੇ ਖੁਦ ਆਪਣੇ ਪੰਜਾਬ ਵੱਲ ਵੇਖੇ ਜਿੱਥੇ ਹੁਣ ਬੇਲੇ ਵਿੱਚ ਲਾਸ਼ਾਂ ਵਿਛੀਆਂ ਹੋਈਆਂ ਹਨ ਅਤੇ ਦਰਿਆ ਝਨਾਬ, ਲਹੂ ਨਾਲ ਭਰਿਆ ਹੋਇਆ ਹੈ।

ਇਸ ਕਵਿਤਾ ਵਿੱਚ ਅਮ੍ਰਿਤਾ ਪ੍ਰੀਤਮ ਬਟਵਾਰੇ ਦੇ ਦਰਦ ਨੂੰ ਬਿਆਨ ਕਰਦੀ ਹੈ ਅਤੇ ਪੰਜਾਬ ਦੀ ਵੰਡ ਕਰਕੇ ਘਰੋਂ ਬੇਘਰ ਅਤੇ ਜ਼ਮੀਨਾਂ ਤੋਂ ਵੱਖ ਹੋਏ ਪ੍ਰਭਾਵਿਤ ਲੋਕਾਂ ਦਾ ਦੁੱਖ ਹੂ-ਬਹੂ ਚਿਤਰਦੀ ਹੈ, ਬਿਲਕੁਲ ਉਸੇ ਤਰ੍ਹਾਂ ਜਿਵੇਂ ਉਸ ਨੇ ਵੰਡ ਦਾ ਦੁਖਾਂਤ ਖੁਦ ਹੰਢਾਇਆ ਸੀ।

ਇਸ ਵੰਡ ਦਾ ਸ਼ਿਕਾਰ ਹੋਣ ਵਾਲੇ ਸਾਰੇ ਲੋਕ ਧਾਰਮਿਕ ਪਛਾਣ ਨਾਲ ਨਹੀਂ ਸਗੋਂ ਖੇਤਰ ਨਾਲ ਡੂੰਘੀ ਤਰ੍ਹਾਂ ਜੁੜੇ ਹੋਏ ਸਨ। ਕਰਾਚੀ ਤੋਂ ਲਗਭਗ ਸਾਰੇ ਹਿੰਦੂ ਪੰਜਾਬ ਆ ਰਹੇ ਸਨ ਜਦੋਂ ਕਿ ਦਿੱਲੀ ਤੋਂ ਦੋ ਲੱਖ ਦੇ ਲਗਭਗ ਮੁਸਲਮਾਨ ਬਾਹਰ ਕੱਢ ਦਿੱਤੇ ਗਏ ਸਨ। ਕਿਸੇ ਨੂੰ ਕੋਈ ਖਬਰ ਨਹੀਂ ਸੀ ਕਿ ਇਸ ਅਗਸਤ ਦੇ ਮਹੀਨੇ ਵਿੱਚ ਆਏ ਬਦਲਾਅ ਦੀਆਂ ਕੌੜੀਆਂ ਯਾਦਾਂ ਆਉਣ ਵਾਲੀਆਂ ਪੀੜ੍ਹੀਆਂ ਤੱਕ ਲੋਕਾਂ ਦੇ ਮਨਾਂ ਵਿੱਚ ਅਮਿੱਟ ਰਹਿਣਗੀਆਂ।

Do not write outside the box

**0 9** ਪੰਜਾਬੀ ਦੀ ਇੱਕ ਔਨਲਾਈਨ ਅਖਬਾਰ ਵਿੱਚੋਂ ਪੰਜਾਬ ਦੀ ਵੰਡ ਵੇਲੇ ਦੇ ਹਾਲਾਤ ਬਾਰੇ ਵਾਰਤਾ ਪੜ੍ਹੋ। ਵਾਰਤਾ ਵਿੱਚ ਪੜ੍ਹੀ ਜਾਣਕਾਰੀ ਨੂੰ ਆਪਣੀ ਖੋਜ ਵਿਚਲੀ ਜਾਣਕਾਰੀ ਨਾਲ ਮਿਲਾ ਕੇ ਹੇਠ ਲਿਖੇ ਪ੍ਰਸ਼ਨ ਬਾਰੇ **ਪੰਜਾਬੀ ਵਿੱਚ** ਲਗਭਗ **300** ਸ਼ਬਦਾਂ ਦਾ ਇੱਕ ਲੇਖ ਲਿਖੋ।

'ਪੰਜਾਬ ਦੀ ਵੰਡ ਨੇ ਪੰਜਾਬੀ ਲੋਕਾਂ ਦਾ ਜਾਨੀ ਨੁਕਸਾਨ ਕਰਦੇ ਹੋਏ ਉਨ੍ਹਾਂ ਦੇ ਪਰਵਾਰਿਕ ਜੀਵਨ ਨੂੰ ਸਮਾਜਿਕ ਤੇ ਆਰਥਿਕ ਪੱਖ ਤੋਂ ਬਹੁਤ ਪ੍ਰਭਾਵਿਤ ਕੀਤਾ।' ਤੁਸੀਂ ਇਸ ਕਥਨ ਨਾਲ ਕਿੱਥੋਂ ਤੱਕ ਸਹਿਮਤ ਹੋ?

**[40 marks]**

**Turn over ▶**

Do not write outside the box

Do not write outside the box

40

**END OF QUESTIONS**

Do not write outside the box

**There are no questions printed on this page**

**DO NOT WRITE ON THIS PAGE**
**ANSWER IN THE SPACES PROVIDED**

Do not write outside the box

| Question number | Additional page, if required. Write the question numbers in the left-hand margin. |
|---|---|

*Do not write outside the box*

| Question number | **Additional page, if required.**<br>**Write the question numbers in the left-hand margin.** |
| --- | --- |
| | |

*Do not write outside the box*

| Question number | **Additional page, if required. Write the question numbers in the left-hand margin.** |
| --- | --- |
| | |

*Do not write outside the box*

| Question number | **Additional page, if required. Write the question numbers in the left-hand margin.** |
| --- | --- |
| | |

**Copyright information**

For confidentiality purposes, all acknowledgements of third-party copyright material are published in a separate booklet. This booklet is published after each live examination series and is available for free download from www.aqa.org.uk.

Permission to reproduce all copyright material has been applied for. In some cases, efforts to contact copyright-holders may have been unsuccessful and AQA will be happy to rectify any omissions of acknowledgements. If you have any queries please contact the Copyright Team.

Copyright © 2020 AQA and its licensors. All rights reserved.